# PROCEEDINGS OF THE MEETING

## Meeting No. 26

## DATE – FEBURARY 11, 2025

## MEETING & INAUGURATION OF SPORTS COMPETITIONS AT ANAND COLLEGE, JETHUWAL

A meeting of the **Global Punjabi Association** was held in a dignified and cordial atmosphere with the participation of senior members, intellectuals, writers, cultural activists, and representatives deeply committed to the promotion of Punjabi language, literature, history, and collective heritage.

Attended by

- **Shri Iqbal Singh Lalpura Ji**, Hon'ble Chairman, National Commission for Minorities (Chair) & Patron Global Punjabi Association
- Dr. Jaswinder Singh Dhillon, Honorary Secretary Global Punjabi Association
- Dr. Jaswinder Kaur Sohal, Cashier Global Punjabi Association
- Shri .Raman Gupta, secretary Finance Global Punjabi Association
- Brigd. Harcharan Singh Bhoparai , Executive Member Global Punjabi Association
- S. Sarbjit Singh Sathiala

- Shri Tarsem Lala Saini
- Shri Surya Parkash Anand
- S. Daljit Singh Kohli
- Dr. MM Anand, Chairman Anand Group of Colleges
- Dr. Kawalbir Kaur, Principal
- Dr. Mrs. Sareen, Principal
- Dr. Rachna Kumari, Principal
- Dr. Reenu Thakur

## 1. Opening of the Meeting

The meeting formally commenced with a warm welcome extended to all the esteemed participants. The Chair expressed gratitude to the members for their continued dedication towards safeguarding Punjabi identity and fostering cultural consciousness among present and future generations. The significance of the gathering was highlighted as part of the Association's ongoing efforts to strengthen intellectual dialogue and cultural engagement at a global level.

## 2. Purpose and Context of the Meeting

The Chair outlined the objectives of the meeting, emphasizing the need to:

- Review ongoing cultural and literary initiatives,
- Discuss emerging challenges faced by the Punjabi language and heritage,
- Plan future programs for the promotion of Punjabi culture globally,

- Encourage documentation and dissemination of progressive Punjabi thought.

It was underlined that the Global Punjabi Association serves as a vital platform for uniting scholars, writers, and community leaders across geographical boundaries.

## 3. Presentation of Literary and Research Works

A major segment of the meeting was devoted to the presentation of newly published literary and research-based works focusing on Punjabi history, socio-political movements, and cultural traditions. These publications were formally presented to senior members of the Association in recognition of their scholarly guidance and lifelong contribution to Punjabi intellectual discourse.

The presenters highlighted that such works aim to preserve historical memory, promote critical thinking, and inspire youth to engage with Punjabi literature and progressive traditions.

## 4. Deliberations and Discussions

An in-depth discussion followed, during which members shared their perspectives on key issues, including:

- The declining use of Punjabi in educational institutions,
- The need to strengthen Punjabi language instruction at school and university levels,
- Preservation of Punjabi scripts, dialects, and oral history,

- Promotion of Punjabi literature through seminars, conferences, publications, and digital media.

Participants stressed that Punjabi culture has historically stood for humanism, social justice, communal harmony, and resistance to oppression, values that must continue to guide present-day cultural initiatives.

## 5. Global Outreach and Youth Engagement

The meeting gave special attention to expanding the Association's global outreach. Members emphasized the importance of connecting with the Punjabi diaspora worldwide and involving youth through:

- Literary competitions,
- Cultural festivals,
- Research fellowships,
- Digital archives and online discussion forums.

It was unanimously agreed that youth engagement is essential for ensuring the continuity and vitality of Punjabi language and culture.

## 6. Future Plans and Resolutions

After detailed deliberations, the following resolutions were broadly agreed upon:

- To organize regular literary seminars, book discussions, and commemorative events,

- To collaborate with academic institutions and cultural bodies for promoting Punjabi studies,
- To document contributions of eminent Punjabi personalities and movements,
- To strengthen inter-regional and international cooperation among Punjabi organizations.


U.S. Polo Assn.






ਆਨੰਦ ਕਾਜਲ ਆਫ ਐਜੂਕੇਸ਼ਨ ਜੇਠੂਵਾਲ ਵਿਖੇ ਕਰਵਾਏ ਗਏ ਦੋ ਰੋਜ਼ਾ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਕਰਨ ਮੌਕੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੂੰ ਗੁਲਦਸਤਾ ਭੇਟ ਕਰਦੇ ਹੋਏ ਚੇਅਰਮੈਨ ਡਾ. ਐੱਮ. ਐੱਮ. ਆਨੰਦ, ਡਾਇਰੈਕਟਰ ਸੁਰੀਯਾ ਆਨੰਦ ਅਤੇ ਜੇਤੂ ਵਿਦਿਆਰਥਣਾਂ ਨੂੰ ਟਰਾਫੀ ਅਤੇ ਮੈਡਲ ਦੇ ਕੇ ਸਨਮਾਨਿਤ ਕਰਦੇ ਹੋਏ ਡਾ. ਐੱਮ. ਐੱਮ. ਆਨੰਦ, ਡਾਇਰੈਕਟਰ ਸੁਰੀਯਾ ਆਨੰਦ, ਪ੍ਰਿੰਸੀਪਲ ਡਾ. ਕੰਵਲਜੀਰ ਕੌਰ ਮਾਹਲ, ਪ੍ਰਿੰਸੀਪਲ ਰਚਨਾ ਕੁਮਾਰੀ, ਰੇਨੂੰ ਠਾਕੁਰ ਤੇ ਹੋਰ ਸਟਾਫ।

ਤਸਵੀਰ : ਮਿੱਤਰਪਾਲ ਸਿੰਘ ਰੰਧਾਵਾ

# ਆਨੰਦ ਕਾਲਜ ਜੇਠੂਵਾਲ 'ਚ ਕਰਵਾਏ ਗਏ ਦੋ ਰੋਜ਼ਾ ਖੇਡ ਮੁਕਾਬਲੇ ਅਮਿੱਟ ਯਾਦਾਂ ਛੱਡਦੇ ਹੋਏ ਸਮਾਪਤ

## ਚੇਅਰਮੈਨ ਡਾ. ਐੱਮ. ਐੱਮ. ਆਨੰਦ ਵਲੋਂ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਤੇ ਜੇਤੂ ਵਿਦਿਆਰਥਣਾਂ ਨੂੰ ਕੀਤਾ ਸਨਮਾਨਿਤ

ਜੇਠੂਵਾਲ, 11 ਫਰਵਰੀ (ਮਿੱਤਰਪਾਲ ਸਿੰਘ ਰੰਧਾਵਾ)- ਅੰਮ੍ਰਿਤਸਰ ਬਟਾਲਾ ਜੀ. ਟੀ. ਰੋਡ 'ਤੇ ਸਥਿਤ ਆਨੰਦ ਕਾਲਜ ਆਫ ਐਜੂਕੇਸ਼ਨ ਨਰਸਿੰਗ ਜੇਠੂਵਾਲ ਵਿਖੇ ਸਾਲਾਨਾ ਦੋ ਰੋਜ਼ਾ ਖੇਡ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਦੀ ਸ਼ੁਰੂਆਤ ਭਾਜਪਾ ਦੇ ਸੀਨੀਅਰ ਆਗੂ ਤੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ, ਕਾਲਜ ਦੇ ਚੇਅਰਮੈਨ ਡਾ. ਐੱਮ. ਐੱਮ. ਆਨੰਦ, ਡਾ. ਜਸਵਿੰਦਰ ਸਿੰਘ ਢਿੱਲੋਂ, ਡਾਇਰੈਕਟਰ ਸੁਰੀਯਾ ਆਨੰਦ, ਬ੍ਰਿਗੇਡੀਅਰ ਡਾ. ਹਰਚਰਨ ਸਿੰਘ ਬੰਧਾਰਾਏ, ਪ੍ਰਿੰਸੀਪਲ ਡਾ. ਕੰਵਲਜੀਰ ਕੌਰ ਮਾਹਲ, ਪ੍ਰਿੰਸੀਪਲ ਰਚਨਾ ਕੁਮਾਰੀ ਵਲੋਂ ਸਾਂਝੇ ਤੌਰ 'ਤੇ ਕੀਤੀ ਗਈ। ਇਨ੍ਹਾਂ ਦੋ ਰੋਜ਼ਾ ਖੇਡ ਮੁਕਾਬਲਿਆਂ 'ਚ ਵਿਦਿਆਰਥਣਾਂ ਵਲੋਂ 100 ਮੀਟਰ ਦੌੜ, 200 ਮੀਟਰ ਦੌੜ, ਲੈਮਨ ਰੇਸ, ਰੋਪ ਸਕੀਪਿੰਗ, ਖੋ ਖੋ, ਥ੍ਰੀ ਲੈੱਗ ਰੇਸ, ਸ਼ਾਟਪੁੱਟ, ਡਿਸਕਸ ਥਰੋ, ਲੰਮੀ ਛਾਲ, ਰਿਲੇਅ ਦੌੜ, ਸੈਕ ਦੌੜ ਸਮੇਤ ਹੋਰ ਖੇਡ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ 'ਚ ਜੇਤੂ ਵਿਦਿਆਰਥਣਾਂ ਵਿਚ ਬੈਸਟ ਅਥਲੀਟ ਸਮੈਸਟਰ 4 ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਅਤੇ ਓਵਰਆਲ ਟਰਾਫੀ ਬੀ. ਐੱਡ. ਸਮੈਸਟਰ 4 ਦੀਆਂ ਵਿਦਿਆਰਥਣਾਂ ਨੇ ਜਿੱਤੀ। ਜੇਤੂ ਵਿਦਿਆਰਥਣਾਂ ਨੂੰ ਕਾਲਜ ਦੇ ਚੇਅਰਮੈਨ ਡਾ. ਐੱਮ. ਐੱਮ. ਆਨੰਦ, ਡਾਇਰੈਕਟਰ ਸੁਰੀਯਾ ਆਨੰਦ, ਪ੍ਰਿੰਸੀਪਲ ਡਾ. ਕੰਵਲਜੀਰ ਕੌਰ ਮਾਹਲ, ਪ੍ਰਿੰਸੀਪਲ ਰਚਨਾ ਕੁਮਾਰੀ, ਰੇਨੂੰ ਠਾਕੁਰ ਵਲੋਂ ਗੋਲਡ ਤੇ ਸਿਲਵਰ ਮੈਡਲ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਦਿਆਂ ਉਨ੍ਹਾਂ ਕਿਹਾ ਕਿ ਕਾਲਜ ਵਲੋਂ ਵਿਦਿਆਰਥਣਾਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਕਾਲਜ ਵਲੋਂ ਪ੍ਰੇਰਿਤ ਕੀਤਾ ਜਾਂਦਾ ਹੈ ਕਿਉਂਕਿ ਖੇਡਾਂ ਹੀ ਜੀਵਨ ਦਾ ਇੱਕ ਅਨਿੱਖੜਵਾਂ ਅੰਗ ਹਨ ਜਿਸ ਨਾਲ ਸਰੀਰਿਕ ਤੇ ਮਾਨਿਸਕ ਵਿਕਾਸ ਲਈ ਖੇਡਾਂ ਵੀ ਬਹੁਤ ਜਰੂਰੀ ਹੈ। ਕਾਲਜ ਵਲੋਂ ਖੇਡਾਂ ਵਿਚ ਮੱਲਾਂ ਮਾਰਨ ਵਾਲੀਆਂ ਹੋਣਹਾਰ ਵਿਦਿਆਰਥਣਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਤਾਂ ਕਿ ਉਨ੍ਹਾਂ ਦਾ ਖੇਡਾਂ ਪ੍ਰਤੀ ਉਤਸ਼ਾਹ ਹੋਰ ਵਧ ਸਕੇ। ਇਸ ਮੌਕੇ ਜੇ. ਪੀ. ਸ਼ਰਮਾ, ਮਨੋਜ ਚੌਧਰੀ, ਊਸ਼ਾ ਸਰੀਨ, ਰਾਜਬੀਰ ਕੌਰ, ਰਿਤੂ ਕਾਲੀਆ, ਚਰਨਜੀਤ ਕੌਰ, ਹਰਪ੍ਰੀਤ ਕੌਰ, ਬਲਜੀਤ ਕੌਰ, ਵਰਿੰਦਰਜੀਤ ਕੌਰ, ਸ਼ੈਲੀ ਸ਼ਰਮਾ, ਅਰਵਿੰਦਰ ਡੋਗੀ, ਰਮਿੰਦਰਜੀਤ ਕੌਰ, ਸਿਮਰਜੀਤ ਕੌਰ, ਹਰਪ੍ਰੀਤ ਕੌਰ, ਸਰੂਚੀਪਾਲ, ਭਾਵਨਾ, ਕਵਿਤਾ ਰੋਬਰਟ, ਜਗਦੀਪ, ਨੇਹਾ, ਸਾਕਸ਼ੀ, ਹਰਲੀਨ, ਕੰਵਲ, ਸੀਮਾ, ਹਰਮਨ, ਮਨਦੀਪ ਕੌਰ, ਕੋਮਲ, ਪ੍ਰਮੀਤ, ਅਰਪਣ, ਰੁਪਨਦੀਪ ਕੌਰ, ਕੋਮਲ ਢਿੱਲੋਂ, ਪੁਨਰ, ਆਬੀਦਾ, ਸ਼ਰਨ, ਰਮਨ, ਰਮਨਦੀਪ ਕੌਰ, ਸਾਸਤਾ, ਅਜਮਤ, ਸਵੇਤਾ, ਜਸਪ੍ਰੀਤ ਸਮੇਤ ਹੋਰ ਸਟਾਫ ਤੇ ਵੱਡੀ ਗਿਣਤੀ 'ਚ ਵਿਦਿਆਰਥਣਾਂ ਸ਼ਾਮਲ ਸਨ।

# ਬੱਚੇ ਵੀ ਜਾਣਦੇ, ਪਾਕਿਸਤਾਨ ਨੂੰ ਚਲਾ ਰਹੇ ਫ਼ੌਜ ਮੁਖੀ-ਇਮਰਾਨ ਖ਼ਾਨ

## ਦੇਸ਼ ਨੂੰ ਗ੍ਰਹਿ ਮੰਤਰੀ ਨਕਵੀ ਵਰਗੇ ਦਲਾਲਾਂ ਦੇ ਕੀਤਾ ਹਵਾਲੇ

ਅੰਮ੍ਰਿਤਸਰ, 11 ਫਰਵਰੀ (ਸੁਰਿੰਦਰ ਕੋਛੜ)-ਜੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਕਿ ਫ਼ੌਜ ਰਾਜਨੀਤੀ 'ਚ ਦਖ਼ਲ ਨਾ ਦੇਣ ਦਾ ਦਾਅਵਾ ਕਰਦੀ ਹੈ, ਜਦਕਿ ਪਾਕਿਸਤਾਨ 'ਚ ਇਕ ਬੱਚਾ ਵੀ ਜਾਣਦਾ ਹੈ ਕਿ ਦੇਸ਼ ਨੂੰ ਫ਼ੌਜ ਮੁਖੀ ਜਨਰਲ ਅਸੀਮ ਮੁਨੀਰ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਮੈਂ ਪਾਕਿਸਤਾਨੀ ਫ਼ੌਜ ਦੇ



ਮੀਡੀਆ ਵਿੰਗ ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ (ਆਈ. ਐੱਸ. ਪੀ. ਆਰ.) ਦੇ ਡਾਇਰੈਕਟਰ ਜਨਰਲ ਨੂੰ ਦੱਸਣਾ ਚਾਹੁੰਦਾ ਹਾਂ ਕਿ ਫ਼ੌਜ ਦੀ ਭਰੋਸੇਯੋਗਤਾ ਨੂੰ ਤਬਾਹ ਕੀਤਾ ਜਾ ਰਿਹਾ ਹੈ ਤੇ ਦੇਸ਼ ਨੂੰ (ਗ੍ਰਹਿ ਮੰਤਰੀ ਅਤੇ ਪੀ. ਸੀ. ਬੀ. ਚੇਅਰਮੈਨ) ਮੋਹਸਿਨ ਨਕਵੀ ਵਰਗੇ ਦਲਾਲਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਨਕਵੀ ਇਕ ਅਜਿਹਾ ਵਿਅਕਤੀ ਹੈ ਜਿਸ ਨੇ ਕਦੇ ਕੌਂਸਲਰ ਦੀ ਚੋਣ ਵੀ ਨਹੀਂ ਲੜੀ, ਪਰ ਹੁਣ ਕ੍ਰਿਕਟ ਤੋਂ ਲੈ ਕੇ ਦੇਸ਼ ਦੇ ਅੰਦਰੂਨੀ ਤੇ ਬਾਹਰੀ ਮਾਮਲਿਆਂ ਤੱਕ ਹਰ ਚੀਜ਼ ਨੂੰ ਕੰਟਰੋਲ ਕਰਦਾ ਹੈ। ਪੂਰਾ ਦੇਸ਼ ਜ਼ੁਲਮ ਤੇ ਫਾਸ਼ੀਵਾਦ ਨਾਲ ਗ੍ਰਸਤ ਹੈ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ. ਟੀ. ਆਈ.) ਪਾਰਟੀ ਦੇ ਸੰਸਥਾਪਕ ਖ਼ਾਨ ਨੇ ਕਿਹਾ ਕਿ ਦੇਸ਼ ਦੇ ਸਭ ਤੋਂ ਵੱਡੇ ਮਨੀ ਲਾਂਡਰਰ ਸ਼ਾਹਬਾਜ਼ ਸ਼ਰੀਫ਼ ਅਤੇ ਆਸਿਫ ਅਲੀ ਜ਼ਰਦਾਰੀ ਨੂੰ ਦੇਸ਼ 'ਤੇ ਥੋਪ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ 30 ਸਾਲਾਂ ਤੱਕ ਖ਼ੁਫ਼ੀਆ ਏਜੰਸੀਆਂ ਨੇ ਖ਼ੁਦ ਸਾਨੂੰ ਦੱਸਿਆ ਕਿ ਇਨ੍ਹਾਂ ਦੋਵਾਂ ਪਰਿਵਾਰਾਂ ਨੇ ਪਾਕਿ ਨੂੰ ਕਿਵੇਂ ਲੁੱਟਿਆ, ਪਰ ਹੁਣ ਐੱਨ. ਏ. ਬੀ. ਨੇ ਕਾਨੂੰਨਾਂ 'ਚ ਸੋਧ ਕਰਕੇ ਇਨ੍ਹਾਂ ਦੋਵਾਂ ਪਰਿਵਾਰਾਂ ਵਿਰੁੱਧ ਸਾਰੇ ਕੇਸ ਬੰਦ ਕਰ ਦਿੱਤੇ ਹਨ।

# ...ੋ ਰਹੀ ਕਿਰਕਿਰੀ



...ਦੀਆਂ ਸੜਕਾਂ, ਬਾਜ਼ਾਰ ਅਤੇ ਚੌਕਾਂ 'ਤੇ ਭਿਖਾਰੀਆਂ ਦਾ ਹਜੂਮ ਲੱਗਣਾ ਮੁੜ ਤੋਂ ਸ਼ੁਰੂ ਹੋ ਗਿਆ ਹੈ।